**ਸ਼੍ਰੇਣੀ-XII**

**ਭੂਗੋਲ (Geography)**

**2021-22**

**ਪਾਠ-ਕ੍ਰਮ ਤੇ ਪ੍ਰਸ਼ਨ ਪੱਤਰ ਦੀ ਰੂਪ-ਰੇਖਾ (ਟਰਮ-2)**

**ਪਾਠ-ਕ੍ਰਮ (ਟਰਮ-2):**

| ਯੂਨਿਟ | ਅਧਿਆਇ | ਸਿਰਲੇਖ |
|---|---|---|
| III | 5 | ਆਰਥਿਕ ਭੂਗੋਲ-ਖਣਿਜ ਅਤੇ ਊਰਜਾ ਸਰੋਤ |
| III | 6 | ਆਰਥਿਕ ਭੂਗੋਲ-ਨਿਰਮਾਣ ਉਦਯੋਗ |
| IV | 7 | ਆਵਾਜਾਈ, ਸੰਚਾਰ ਤੇ ਵਪਾਰ |
| V | 8 | ਚੋਣਵੇਂ ਮੁੱਦਿਆਂ 'ਤੇ ਭੂਗੋਲਿਕ ਦ੍ਰਿਸ਼ਟੀਕੋਣ ਤੋਂ ਇੱਕ ਨਜ਼ਰ |
| VI | 9 | ਪ੍ਰਯੋਗਾਤਮਕ/ਪ੍ਰਯੋਗੀ ਭੂਗੋਲ |

**ਪ੍ਰਸ਼ਨ ਪੱਤਰ ਦੀ ਰੂਪ-ਰੇਖਾ:**

1. ਪ੍ਰਸ਼ਨ ਪੱਤਰ ਕੁਲ 40 ਅੰਕਾਂ ਦਾ ਹੋਵੇਗਾ ਤੇ ਇਸ ਦੇ ਚਾਰ ਹਿੱਸੇ ਹੋਣਗੇ ਜਿਨ੍ਹਾਂ ਵਿੱਚ ਕੁਲ 11 ਪ੍ਰਸ਼ਨ ਹੱਲ ਕਰਨੇ ਹੋਣਗੇ।

2. ਪਹਿਲਾ ਹਿੱਸਾ ਬਹੁਤ ਛੋਟੇ ਉੱਤਰਾਂ ਵਾਲੇ 4 ਪ੍ਰਸ਼ਨਾਂ ਦਾ ਹੋਵੇਗਾ। ਦੋ ਅੰਕਾਂ ਵਾਲੇ ਲਾਜ਼ਮੀ ਪ੍ਰਸ਼ਨਾਂ ਵਿੱਚੋਂ ਹਰ ਪ੍ਰਸ਼ਨ ਦਾ ਉੱਤਰ 2-3 ਵਾਕਾਂ ਤੱਕ ਦੇਣਾ ਹੋਵੇਗਾ। ਪਾਠ-ਕ੍ਰਮ ਦੇ ਅਧਿਆਇ 6,7, 8, 9 ਵਿੱਚੋਂ ਇੱਕ-ਇੱਕ ਪ੍ਰਸ਼ਨ ਇਸ ਹਿੱਸੇ ਵਿੱਚ ਸ਼ਾਮਲ ਹੋਵੇਗਾ।

3. ਦੂਸਰੇ ਹਿੱਸੇ ਵਿੱਚ ਚਾਰ ਅੰਕਾਂ ਵਾਲੇ 6 ਪ੍ਰਸ਼ਨ ਹੋਣਗੇ ਜਿਨ੍ਹਾਂ ਵਿੱਚੋਂ 4 ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ। ਹਰ ਪ੍ਰਸ਼ਨ ਦਾ ਉੱਤਰ 5 ਤੋਂ 7 ਵਾਕਾਂ ਵਿੱਚ ਦੇਣਾ ਹੋਵੇਗਾ। ਪਾਠ-ਕ੍ਰਮ ਦੇ ਅਧਿਆਇ 5,6,7, 8 ਵਿੱਚੋਂ ਇੱਕ-ਇੱਕ ਅਤੇ ਅਧਿਆਇ 9 ਵਿੱਚੋਂ ਦੋ ਪ੍ਰਸ਼ਨ ਇਸ ਭਾਗ ਵਿੱਚ ਸ਼ਾਮਲ ਕੀਤੇ ਜਾਣਗੇ।

4. ਤੀਸਰਾ ਹਿੱਸਾ ਸੋਮਾ ਅਧਾਰਤ ਪ੍ਰਸ਼ਨ ਹੋਵੇਗਾ ਜੋ 4 ਅੰਕ ਦਾ ਹੋਵੇਗਾ। ਪਾਠ-ਕ੍ਰਮ ਦੇ ਅਧਿਆਇ 9 ਵਿੱਚੋਂ ਹੀ ਇੱਕ ਪੈਰ੍ਹਾ ਵਿਆਖਿਆ ਦੇ ਕੇ ਉਸ ਨਾਲ ਸਬੰਧਤ ਇੱਕ-ਇੱਕ ਅੰਕ ਦੇ ਚਾਰ ਪ੍ਰਸ਼ਨ ਇਸ ਭਾਗ ਵਿੱਚ ਸ਼ਾਮਲ ਕੀਤੇ ਜਾਣਗੇ।

5. ਚੌਥੇ ਹਿੱਸੇ ਵਿੱਚ 6 ਅੰਕਾਂ ਦੇ ਦੋ ਪ੍ਰਸ਼ਨ (100 ਫੀਸਦੀ ਅੰਦਰੂਨੀ ਚੋਣ) ਸ਼ਾਮਲ ਕੀਤੇ ਗਏ ਹਨ ਜਿਸ ਵਿੱਚੋਂ ਇੱਕ ਪ੍ਰਸ਼ਨ ਦਾ ਜਵਾਬ 10 ਤੋਂ 15 ਸਤਰਾਂ ਵਿੱਚ ਦੇਣਾ ਹੋਵੇਗਾ। ਇਹ ਪ੍ਰਸ਼ਨ ਅਧਿਆਇ 5, 6 ਤੇ 7 ਵਿੱਚੋਂ (ਸਮੇਤ 100 ਫੀਸਦੀ ਅੰਦਰੂਨੀ ਚੋਣ) ਵਿੱਚੋਂ ਲਏ ਜਾਣਗੇ। ਇਸ ਭਾਗ ਦਾ ਦੂਸਰਾ ਪ੍ਰਸ਼ਨ ਮੈਪਵਰਕ ਦਾ ਹੋਵੇਗਾ ਜਿਸ ਵਿੱਚ ਛੇ-ਛੇ ਨੁਕਤੇ ਮੈਪ ਫ਼ਿਲਿੰਗ ਤੇ ਲੇਬਲਿੰਗ ਦੇ ਦਿੱਤੇ ਜਾਣਗੇ। ਇਹ ਨੁਕਤੇ ਅਧਿਆਇ 5, 6, 7 ਤੇ 8 ਵਿੱਚੋਂ ਬਰਾਬਰ ਲਏ ਜਾਣਗੇ। ਪ੍ਰੀਖਿਆਰਥੀਆਂ ਲਈ ਤਿੰਨ-ਤਿੰਨ ਨੁਕਤੇ ਹੱਲ ਕਰਨੇ ਲਾਜ਼ਮੀ ਹੋਣਗੇ।